ਗੁਰੂ ਨਾਨਕ –ਸਬਦ ੮੭

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੬੧

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥
ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥
ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥
ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥
ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥
ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥
ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥
ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥
ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥
ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥
ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥
ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥
ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥
ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥
ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥
ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥
ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥
ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥
ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥
ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥੧੩॥

ਸਾਰ: ਇੱਛਾ, ਲਗਾਵ, ਅਤੇ ਭਰਮ ਸਾਡੀ ਹਕੀਕਤੀ ਧਾਰਨਾ ਨੂੰ ਵਿਗਾੜ ਦਿੰਦੇ ਹਨ, ਜਿਸ ਨਾਲ ਅਸੀਂ ਅਸਥਾਈ ਅਨੁਭਵਾਂ ਨੂੰ ਸਥਾਈ ਪੂਰਤੀ ਸਮਝਣ ਦੀ ਉਲਝਣਾ ਵਿਚ ਫਸ ਜਾਂਦੇ ਹਾਂ। ਇਸ ਉਲਝਣ ਵਿਚ, ਅਸੀਂ ਅਕਸਰ ਦੌਲਤ, ਜਵਾਨੀ, ਸ਼ਕਤੀ ਅਤੇ ਪਛਾਣ ਨੂੰ ਖੁਸ਼ੀ ਦੇ ਤੁਲ ਸਮਝ ਬੈਠਦੇ ਹਾਂ, ਸਾਡਾ ਹੰਕਾਰ ਇਹਨਾਂ ਗਲਤ ਧਾਰਨਾਵਾਂ ਨੂੰ ਸੱਚ ਜਾਣ ਵਧਦਾ-ਫੁੱਲਦਾ ਹੈ। ਜੋ ਪ੍ਰਾਪਤੀ ਵਾਂਗ ਮਹਿਸੂਸ ਹੁੰਦਾ ਹੈ ਉਹ ਬੰਧਨ ਦਾ ਰੂਪ ਬਣ ਸਕਦਾ ਹੈ, ਲਾਲਸਾ ਅਤੇ ਨੁਕਸਾਨ ਦੇ ਡਰ ਦਾ ਚੱਕਰ ਪੈਦਾ ਹੋ ਸਕਦਾ ਹੈ। ਇਹ ਸੰਘਰਸ਼ ਇਕ ਸਾਂਝਾ ਮਨੁੱਖੀ ਅਨੁਭਵ ਹੈ; ਸੰਸਾਰ ਇਸ ਭਰਮ ਵਿਚ ਫਸਿਆ ਹੋਇਆ ਹੈ। ਜਾਗਰੂਕਤਾ ਭੌਤਿਕ ਚੀਜ਼ਾਂ ਨੂੰ ਰੱਦ ਕਰਨ ਨਾਲ ਨਹੀਂ ਸਗੋਂ ਇਸ ਵਿਧੀਵਤ ਢਾਂਚੇ ਨੂੰ ਪਛਾਣਨ ਨਾਲ ਸ਼ੁਰੂ ਹੁੰਦੀ ਹੈ। ਜਦੋਂ ਅਸੀਂ ਸਮਝਦੇ ਹਾਂ ਕਿ ਇੱਛਾ ਧਾਰਨਾ ਨੂੰ ਕਿਵੇਂ ਸੀਮਤ ਕਰਦੀ ਹੈ, ਲਗਾਵ ਜਾਗਰੂਕਤਾ ਨੂੰ ਕਿਵੇਂ ਸੰਕੁਚਿਤ ਕਰਦਾ ਹੈ, ਅਤੇ ਹਉਮੈ ਭਰਮਾਂ ਨੂੰ ਕਿਵੇਂ ਪਰੋਸਦੀ ਹੈ, ਤਾਂ ਇਸ ਭਰਮ ਦੀ ਪਕੜ ਢਿੱਲੀ ਹੋਣੀ ਸ਼ੁਰੂ ਹੋ ਜਾਂਦੀ ਹੈ। ਬਿਬੇਕ ਭਰਮ ਨਾਲ ਨਹੀਂ ਲੜਦਾ; ਇਹ ਇਸਨੂੰ ਘਟਾਉਂਦਾ ਹੈ, ਜਿਸ ਨਾਲ ਸਥਾਈਤਾ ਦੀ ਝੂਠੀ ਭਾਵਨਾ ਖਤਮ ਹੋ ਜਾਂਦੀ ਹੈ। ਜੋ ਬਚਦਾ ਹੈ ਉਹ ਹੈ ਨਿਯੰਤਰਣ ਦੀ ਜ਼ਰੂਰਤ ਤੋਂ ਮੁਕਤ, ਇਕ ਸ਼ਾਂਤ ਨਿਰੀਖਣ ਅਤੇ ਜੀਵਨ ਨਾਲ ਸਥਿਰਤਾ ਭਰੀ ਭਾਗੇਦਾਰੀ। ਇਸ ਰੁਪਾਂਤ੍ਰਣ ਨੂੰ ਅਪਣਾਉਣ ਨਾਲ ਅਨੁਭਵਾਂ ਦੀ ਅਸਲੀਅਤ ‘ਤੇ ਅਧਾਰਿਤ ਇਕ ਵਧੇਰੇ ਸਾਰਥਕ ਹੋਂਦ ਦੀ ਪ੍ਰਾਪਤੀ ਹੋ ਸਕਦੀ ਹੈ।

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਇੱਛਾ ਦੁਨਿਆਵੀ ਭਰਮ ਪੈਦਾ ਕਰਦੀ ਹੈ ਜੋ ਬੱਚਿਆਂ, ਰਿਸ਼ਤੇਦਾਰਾਂ, ਪਤੀ ਅਤੇ ਪਤਨੀ ਦੋਵਾਂ ਨੂੰ ਮੋਹਿਤ ਕਰਦੀ ਹੈ। ਇਹ ਦਰਸਾਉਂਦਾ ਹੈ ਕਿ ਦੁਨਿਆਵੀ ਸੰਬੰਧ ਅਤੇ ਭੌਤਿਕ ਮੋਹ ਭਟਕਣਾ ਦੇ ਤੌਰ ਤੇ ਕਾਰਜ਼ਸ਼ੀਲ ਹੋ, ਮਨ ਨੂੰ ਹਕੀਕਤ ਤੋਂ ਭਟਕਾਉਂਦੇ ਹਨ।

ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਦੌਲਤ ਅਤੇ ਜਵਾਨੀ ਦੁਨੀਆਂ ਨੂੰ ਧੋਖਾ ਦਿੰਦੇ ਹਨ, ਇਸਨੂੰ ਲਾਲਚ, ਮਾਲਕੀ ਅਤੇ ਹੰਕਾਰ ਨਾਲ ਭਰਮਾਉਂਦੇ ਹਨ। ਇਹ ਉਸ ਅਗਿਆਨਤਾ ਨੂੰ ਦਰਸਾਉਂਦਾ ਹੈ ਜੋ ਅਸਥਾਈ ਭੌਤਿਕਤਾ ਅਤੇ ਸੰਸਾਰਿਕ ਸੰਪਤੀਆਂ ਨੂੰ ਸਥਾਈ ਹਕੀਕਤਾਂ ਦੇ ਰੂਪ ਵਿਚ ਵੇਖਣ ਦਾ ਭਰਮ ਸਿਰਜਦੇ ਹਨ।

ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥
ਜਦੋਂ ਦੁਨਿਆਵੀ ਆਕਰਸ਼ਣ ਧੋਖਾ ਦਿੰਦੇ ਹਨ, ਤਾਂ ਜਨਮਜਾਤ ਜਾਗਰੂਕਤਾ ਖਤਮ ਹੋ ਜਾਂਦੀ ਹੈ; ਇਸ ਤਰ੍ਹਾਂ ਸਮਾਜ ਕੰਮ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਲੁਭਾਉਣਾਪਨ ਸਪੱਸ਼ਟਤਾ ਨੂੰ ਲੁੱਟ ਲੈਂਦਾ ਹੈ, ਜਿਸ ਨਾਲ ਵਿਅਕਤੀ ਆਪਣੀ ਹੀ ਭਲਾਈ ਦੇ ਵਿਰੁੱਧ ਕਰਮ ਕਰਦੇ ਹਨ। (੧)

ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥
ਮੇਰੇ ਪਿਆਰੇ, ਮੇਰੇ ਲਈ, ਤੁਹਾਡੇ ਤੋਂ ਇਲਾਵਾ, ਕੋਈ ਹੋਰ ਨਹੀਂ ਹੈ। ਇਹ ਯਾਦ ਦਿਵਾਉਂਦਾ ਹੈ ਕਿ ਸਾਡਾ ਅੰਤਹਕਰਣ ਹੀ ਸਾਡਾ ਸਾਥੀ ਹੈ, ਜੋ ਸਾਡੀ ਅੰਤਰੀਵੀ ਜਗਿਆਸਾ ਦੀ ਅਸਲ ਪੂਰਤੀ ਜਾਂ ਉਸਨੂੰ ਕਾਇਮ ਰੱਖ ਸਕਦਾ ਹੈ।

ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥
ਤੁਹਾਡੇ ਤੋਂ ਇਲਾਵਾ, ਹੋਰ ਕੁਝ ਵੀ ਸੰਤੋਖ ਨਹੀਂ ਲਿਆਉਂਦਾ; ਜਦੋਂ ਤੁਸੀਂ ਸਦਭਾਵਨਾ ਵਿਚ ਪ੍ਰਸੰਨ ਹੁੰਦੇ ਹੋ, ਤਾਂ ਸੱਚੀ ਸ਼ਾਂਤੀ ਪੈਦਾ ਹੁੰਦੀ ਹੈ। ਇਸ ਸੰਦਰਭ ਵਿਚ, 'ਤੁਸੀਂ' ਸਾਡੇ ਅੰਤਹਕਰਣ ਨੂੰ ਦਰਸਾਉਂਦੇ ਹੋ, ਜਿਸ ਰਾਹੀਂ ਅਸੀਂ ਉਸ ਅੰਤਰੀਵੀ ਪੂਰਤੀ ਨੂੰ ਪ੍ਰਾਪਤ ਕਰ ਸਕਦੇ ਹਾਂ ਜਿਸਦੀ ਅਸੀਂ ਭਾਲ ਕਰਦੇ ਹਾਂ। (੧)(ਠਹਿਰਾਉ)

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥
ਚਿੰਤਨ ਦੀ ਕਦਰ ਕਰਨਾ ਅਤੇ ਇਸਨੂੰ ਅਪਣਾਉਣਾ ਬਿਬੇਕ ਦਾ ਤੱਤਸਾਰ ਪ੍ਰਦਾਨ ਕਰਦਾ ਹੈ, ਜੋ ਸੂਝ ਨੂੰ ਉਤਸ਼ਾਹਿਤ ਕਰਦਾ ਹੈ ਜਿਸ ਰਾਹੀਂ ਸੰਤੋਖ ਪ੍ਰਾਪਤ ਹੁੰਦਾ ਹੈ।

ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥

ਇਸ ਦੁਨੀਆਂ ਵਿਚ ਤੁਸੀਂ ਜੋ ਵੀ ਦੇਖਦੇ ਹੋ ਉਹ ਥੋੜ੍ਹੇ ਸਮੇਂ ਲਈ ਹੈ; ਮੋਹ ਧੋਖਾ ਭਰਪੂਰ ਹੈ, ਇਸ ਲਈ ਇਸ ਦੀ ਖਿੱਚ ਦਾ ਵਿਰੋਧ ਕਰੋ। ਇਹ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਸਾਡੀ ਭੌਤਿਕ ਹੋਂਦ ਥੋੜ੍ਹੇ ਸਮੇਂ ਲਈ ਹੈ; ਇਸ ਨਾਲ ਜੁੜੇ ਰਹਿਣ ਨਾਲ ਨਿਰਾਸ਼ਾ ਹੁੰਦੀ ਹੈ। ਸਿਰਫ਼ ਸਾਡਾ ਅੰਤਹਕਰਣ ਹੀ ਸਾਡੇ ਨਾਲ ਰਹਿੰਦਾ ਹੈ, ਜੋ ਹਮੇਸ਼ਾ ਵਿਗਸਦਾ ਹੋਇਆ, ਸਮੁਚਾ ਜੀਵਨ ਸਾਡੀ ਅਗਵਾਈ ਕਰਦਾ ਹੈ।

ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥

ਅਸੀਂ ਇਕ ਯਾਤਰੀ ਦੇ ਰੂਪ ਵਿਚ ਹੋਂਦ ਵਿੱਚ ਆਉਂਦੇ ਹਾਂ, ਅਤੇ ਹਰ ਰੋਜ਼ ਯਾਤਰਾ ਕਰਦੇ ਹੋਏ, ਸਾਥੀਆਂ ਨੂੰ ਰਸਤੇ ਵਿਚ ਵਿਛੜਦੇ ਹੋਏ ਦੇਖਦੇ ਹਾਂ। ਇਹ ਜੀਵਨ ਦਾ ਪ੍ਰਤੀਕਾਤਮਕ ਤੱਤਸਾਰ ਹੈ, ਅਨੁਭਵਾਂ ਅਤੇ ਰਿਸ਼ਤਿਆਂ ਦੀ ਇਕ ਯਾਤਰਾ ਜੋ ਨਿਰੰਤਰ ਵਿਸਗਤ ਹੁੰਦੀ ਰਹਿੰਦੀ ਹੈ। (੨)

ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥

ਬਹੁਤ ਸਾਰੇ ਲੋਕ ਗੱਲਾਂ ਕਰਦੇ ਹਨ ਅਤੇ ਆਪਣੇ ਵਿਚਾਰ ਸਾਂਝੇ ਕਰਦੇ ਹਨ, ਪਰ ਉਸ ਬਿਬੇਕ ਤੋਂ ਬਿਨਾਂ ਜੋ ਅਗਿਆਨਤਾ ਤੋਂ ਜਾਗਰੂਕਤਾ ਵੱਲ ਲੈ ਜਾਂਦਾ ਹੈ, ਸੱਚੀ ਸੂਝ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਹ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਸਮਝ ਸਿਰਫ਼ ਰੂਹਾਨੀ ਸੰਕਲਪਾਂ ਬਾਰੇ ਚਰਚਾ ਕਰਨ ਨਾਲ ਨਹੀਂ ਆਉਂਦੀ; ਇਹ ਤਾਂ ਅਨੁਭਵੀ ਸਿੱਖਿਆ ਰਾਹੀਂ ਪ੍ਰਾਪਤ ਹੁੰਦੀ ਹੈ, ਜੋ ਮਾਰਗਦਰਸ਼ਨ ਕਰਦੀ ਹੋਈ ਅੰਤਰੀਵੀ ਸਪੱਸ਼ਟਤਾ ਨੂੰ ਜਗਾਉਂਦੀ ਹੈ।

ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥

ਜੇਕਰ ਕੋਈ ਵਿਅਕਤੀ ਸਵੈ-ਚਿੰਤਨ ਦੀ ਮਹਾਨਤਾ ਪ੍ਰਾਪਤ ਕਰਦਾ ਹੈ ਅਤੇ ਸੱਚਾਈ ਨੂੰ ਧਾਰਨ ਕਰਦਾ ਹੈ, ਤਾਂ ਉਸਦੇ ਅੰਦਰ ਭਰੋਸੇਯੋਗਤਾ ਦੀ ਭਾਵਨਾ ਪੈਦਾ ਹੁੰਦੀ ਹੈ।

ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥

ਕੁਦਰਤੀ ਵਿਧਾਨ ਅਨੁਸਾਰ ਜੋ ਵੀ ਢੁਕਵਾਂ ਹੈ ਉਹ ਸੱਚਮੁੱਚ ਚੰਗਾ ਹੈ; ਉਸ ਅਵਸਥਾ ਵਿਚ, ਨਾ ਕੁਝ ਝੂਠਾ ਜਾਂ ਨਾ ਹੀ ਪ੍ਰਮਾਣਿਕ  ਹੁੰਦਾ ਹੈ। ਇਹ ਦਰਸਾਉਂਦਾ ਹੈ ਕਿ ਚੰਗਿਆਈ ਵਿਸ਼ਵਵਿਆਪੀ ਇੱਛਾ ਸ਼ਕਤੀ ਨਾਲ ਇਕਸੁਰਤਾ ਤੋਂ ਪੈਦਾ ਹੁੰਦੀ ਹੈ। (੩)

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥

ਰੂਹਾਨੀ ਸੂਝ ਦੇ ਤੱਤਸਾਰ ਵਿਚ ਸ਼ਰਨ ਲੈ ਕੇ, ਵਿਅਕਤੀ ਨਕਾਰਾਤਮਕਤਾ ਨੂੰ ਇਕੱਠਾ ਕਰਨ ਵਾਲੇ ਸਵੈ-ਇੱਛਾਵਾਨ ਮਨ ਤੋਂ ਮੁਕਤ ਹੋ ਜਾਂਦਾ ਹੈ। ਇਹ ਯਾਦ ਦਿਵਾਉਂਦਾ ਹੈ ਕਿ ਜਦੋਂ ਮਨ ਸਪੱਸ਼ਟਤਾ ਨੂੰ ਧਾਰਨ ਕਰਦਾ ਹੈ ਤਾਂ ਉਹ ਆਪਣੇ ਆਪ-ਚਲਿਤ ਉਲਝਣ ਤੋਂ ਮੁਕਤ ਹੋ ਜਾਂਦਾ ਹੈ।

ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥

ਰੂਹਾਨੀ ਗਿਆਨ ਪ੍ਰਾਪਤੀ ਲਈ ਅੱਠ-ਧਾਤਾਂ ਦੀ ਮਿਸ਼ਰਤ ਧਾਤ ਤੋਂ ਪਰਮ ਮੂਰਤੀ ਦਾ ਨਿਰਮਾਣ ਕੀਤਾ ਜਾਂਦਾ ਹੈ। ਅਸਤ ਧਾਤ ਅੱਠ ਕੀਮਤੀ ਧਾਤਾਂ ਦਾ ਮਿਸ਼ਰਤ ਧਾਤ ਹੈ ਜੋ ਖਰਾਬ ਨਹੀਂ ਹੁੰਦੀ; ਪ੍ਰਤੀਕਾਤਮਕ ਤੌਰ 'ਤੇ, ਇਹ ਇਸ ਵਿਚਾਰ ਲਈ ਇਕ ਦ੍ਰਿਸ਼ਟਾਂਤ ਵਜੋਂ ਕਾਰਜ ਕਰਦਾ ਹੈ ਕਿ ਅੰਤਹਕਰਣ ਸਕਾਰਾਤਮਕ ਗੁਣਾਂ ਨੂੰ ਅਪਣਾ ਕੇ ਵਿਗਸਦਾ ਹੈ, ਅਤੇ ਨਕਾਰਾਤਮਕਤਾ ਵਿਚ ਨਹੀਂ ਡਿੱਗਦਾ।

ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥

ਮੁਲਾਂਕਣ ਕਰਨ ਵਾਲਾ ਆਪਣਾ ਮੁਲਾਂਕਣ ਕਰਦਾ ਹੈ ਅਤੇ ਯੋਗ ਵਸਤ ਨੂੰ ਖ਼ਜ਼ਾਨੇ ਵਿਚ ਰੱਖਦਾ ਹੈ। ਇਹ ਸਾਡੇ ਅੰਤਹਕਰਣ ਦੀ ਸਾਡੇ ਇਰਾਦਿਆਂ ਦਾ ਮੁਲਾਂਕਣ ਕਰਨ ਦੀ ਯੋਗਤਾ ਅਤੇ ਅਸਲ ਵਿਚ ਅਰਥਪੂਰਨ ਨੂੰ ਕਲਾਵੇ ਵਿਚ ਲੈਣ ਦੀ ਸਮਰੱਥਾ ਨੂੰ ਦਰਸਾਉਂਦਾ ਹੈ। (੪)

ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥

ਤੁਹਾਡੀ ਕੀਮਤ ਨੂੰ ਮਾਪਿਆ ਨਹੀਂ ਜਾ ਸਕਦਾ; ਭਾਵੇਂ ਹਰ ਕੋਈ ਆਪਣੀ ਪੂਰੀ ਤਾਕਤ ਨਾਲ ਇਸਦਾ ਮੁਲਾਂਕਣ ਕਰਨ ਦੀ ਕੋਸ਼ਿਸ਼ ਕਰੇ, ਉਹ ਇਹ ਦਾਵਾ ਨਹੀਂ ਕਰ ਪਾਉਂਣਗੇ ਕਿ ਉਨ੍ਹਾਂ ਨੇ ਅਜਿਹਾ ਕਰ ਲਿਆ ਹੈ। ਪ੍ਰਤੀਕਾਤਮਕ ਤੌਰ 'ਤੇ, 'ਤੁਸੀਂ' ਸਰਵ ਵਿਆਪਕ ਚੇਤਨਾ ਨੂੰ ਦਰਸਾਉਂਦੇ ਹੋ, ਕਿਉਂਕਿ ਇਸਦੀ ਰਚਨਾ ਦੀ ਵਿਲੱਖਣਤਾ ਅਤੇ ਵੰਨ-ਸੁਵੰਤਨਾ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਹੈ।

ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥

ਤੁਹਾਡੀ ਮਹਾਨਤਾ ਸ਼ਬਦ ਦੀ ਪਕੜ ਵਿਚ ਨਹੀਂ ਆ ਸਕਦੀ; ਸਿਰਫ਼ ਸੱਚ ਵਿਚ ਮਜ਼ਬੂਤੀ ਨਾਲ ਟਿਕੇ ਰਹਿਣ ਨਾਲ ਹੀ ਕੋਈ ਸੱਚਾ ਸਨਮਾਨ ਪ੍ਰਾਪਤ ਕਰਦਾ ਹੈ। ਇਸ ਤੋਂ ਭਾਵ ਹੈ ਕਿ ਸ੍ਰਿਸ਼ਟੀ ਵਿਚਲੀ ਮਹਾਨਤਾ ਇਸਦੀ ਕੀਮਤ ਨੂੰ ਪਰਿਭਾਸ਼ਿਤ ਕਰਨ ਨਾਲ ਨਹੀਂ, ਸਗੋਂ ਪ੍ਰਮਾਣਿਕਤਾ ਵਿਚ ਸਥਿਰਤਾ ਨਾਲ ਜੀਉਣ ਨਾਲ ਆਉਂਦੀ ਹੈ।

ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥

ਬੁੱਧੀ ਦੁਆਰਾ ਜਿਸਨੇ ਬਿਬੇਕ ਪ੍ਰਾਪਤ ਕੀਤਾ ਹੈ, ਸਨਮਾਨ ਰੂਪ ਵਿਚ ਉਸਦੀ ਚੇਤਨਾ ਦਾ ਉਭਾਰ ਹੁੰਦਾ ਹੈ; ਇਸਦੀ ਕੀਮਤ ਨੂੰ ਪ੍ਰਗਟ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ। (੫)

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥

ਉਹ ਦੇਹ ਜਿਹੜੀ ਸਵੈ-ਚਿੰਤਨ ਦਾ ਅਭਿਆਸ ਕਰਨ ਦੀ ਸ਼ਲਾਘਾ ਨਹੀਂ ਕਰਦੀ, ਉਸ ਵਿਚ ਹਉਮੈਂ ਠਾਠਾ ਮਾਰਦੀ ਹੈ। ਇਹ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਆਤਮ-ਪੜਚੋਲ ਦੀ ਘਾਟ ਸਵੈ-ਮਹੱਤਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ, ਜੋ ਨਿੱਜੀ ਕਮੀਆਂ ਨੂੰ ਪਛਾਣਨ ਦੀ ਯੋਗਤਾ ਵਿਚ ਰੁਕਾਵਟ ਪਾਉਂਦੀ ਹੈ।

ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥

ਬਿਬੇਕ ਦੀ ਸੂਝ ਤੋਂ ਬਿਨਾਂ, ਜਾਗਰੂਕਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ; ਅਤੇ ਬੇਗਾਨਗੀ ਦੇ ਭਰਮ ਨੂੰ ਮਾਣਿਆ ਜਾਂਦਾ ਹੈ।

ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥

ਅੰਤਰੀਵੀ ਗੁਣਾਂ ਨੂੰ ਪੈਦਾ ਕੀਤੇ ਬਿਨਾਂ, ਅਸਲ ਵਿਚ ਕੁਝ ਵੀ ਲਾਭਦਾਇਕ ਸਾਬਤ ਨਹੀਂ ਹੁੰਦਾ, ਕਿਉਂਕਿ ਦੁਨਿਆਵੀ ਮੋਹ ਦੀਆ ਖਿੱਚਾਂ ਥੋਥੀਆਂ ਅਤੇ ਸੰਤੋਖ ਰਹਿਤ ਹੁੰਦੀਆਂ ਹਨ। (੬)

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥

ਇੱਛਾਵਾਂ ਅੰਦਰੋਂ ਪੈਦਾ ਹੁੰਦੀਆਂ ਹਨ, ਅਤੇ ਇਹਨਾਂ ਇੱਛਾਵਾਂ ਰਾਹੀਂ, ਸੁੱਖ ਅਤੇ ਦੁੱਖ ਦਾ ਅਨੁਭਵ ਕੀਤਾ ਜਾਂਦਾ ਹੈ। ਇਹ ਦਰਸਾਉਂਦਾ ਹੈ ਕਿ ਇੱਛਾਵਾਂ ਅਤੇ ਤਾਂਘ ਦਾ ਚੱਕਰ ਖੁਸ਼ੀ ਅਤੇ ਦੁੱਖ ਦੋਵਾਂ ਦਾ ਸਰੋਤ ਹੈ।

ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

ਇੱਛਾਵਾਂ ਨਾਲ ਬੱਝੇ ਹੋਏ, ਅਸੀਂ ਉਨ੍ਹਾਂ ਦਾ ਪਿੱਛਾ ਕਰਦੇ ਹਾਂ ਪਰ ਵਾਰ-ਵਾਰ ਪੀੜਾ ਵੀ ਸਹਿਣ ਕਰਦੇ ਹਾਂ। ਇਹ ਦਰਸਾਉਂਦਾ ਹੈ ਕਿ ਸਾਡੀਆਂ ਆਸਾਂ ਦੇ ਸਿੱਟਿਆਂ ਨਾਲ ਰੱਖਿਆ ਲਗਾਵ ਨਿਰੰਤਰ ਮਾਨਸਿਕ ਦੁੱਖ ਵੱਲ ਲੈ ਜਾਂਦਾ ਹੈ।

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥

ਵਿਕਾਰ ਵਿਅਕਤੀ ਨੂੰ ਜਕੜ ਤਸੀਹੇ ਦਿੰਦੇ ਹਨ, ਪਰ ਉਹ ਬੁੱਧੀ ਜਿਸਨੇ ਬਿਬੇਕ ਧਾਰਨ ਕਰ ਆਤਮ-ਪੜਚੋਲ ਦੇ ਅਭਿਆਸ ਦਾ ਰਾਹ ਖੋਲ੍ਹਿਆ ਹੈ, ਇਸ ਦੀ ਪਕੜ ਤੋਂ ਮੁਕਤ ਕਰ ਦਿੰਦੀ ਹੈ। ਇਹ ਇਕ ਅਹਿਸਾਸ ਹੈ ਕਿ ਸਾਡੀਆਂ ਆਪਣੀਆਂ ਕਮਜ਼ੋਰੀਆਂ ਦੁੱਖ ਦਾ ਕਾਰਨ ਬਣਦੀਆਂ ਹਨ, ਪਰ ਆਤਮ-ਪੜਚੋਲ ਸਾਨੂੰ ਇਨ੍ਹਾਂ ਹਉਮੈ-ਸੰਚਾਲਿਤ ਕਿਰਿਆਵਾਂ ਤੋਂ ਉੱਪਰ ਉੱਠਣ ਵਿਚ ਮਦਦ ਕਰ ਸਕਦੀ ਹੈ। (੭)

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥

ਸਮੁਚੀ ਸ੍ਰਿਸ਼ਟੀ ਵਿਚ, ਇਕੋ ਇਕ, ਸਰਬ-ਵਿਆਪੀ ਊਰਜਾ ਵਹਿੰਦੀ ਹੈ, ਜੋ ਕੁਦਰਤ ਦੇ ਨਿਯਮਾਂ ਦੇ ਅਨੁਸਾਰ ਸ੍ਰਿਸ਼ਟੀ ਨੂੰ ਕਾਇਮ ਰੱਖਦੀ ਹੈ।

ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥

ਚਿੰਤਨ ਦਾ ਅਭਿਆਸ ਕਰਨ ਲਈ ਪ੍ਰਾਪਤ ਕੀਤੀ ਬੁੱਧੀ ਦੁਆਰਾ, ਸੱਚ ਦਾ ਵਾਸਾ ਮਨ ਵਿਚ ਹੋ ਜਾਂਦਾ ਹੈ, ਅਤੇ ਸਵੈ-ਚਿੰਤਨ ਨਾਲ ਪਾਈ ਗੰਢ ਕਿਸੇ ਦਾ ਸਨਮਾਨ ਅਤੇ ਸਹਾਰਾ ਬਣਦੀ ਹੈ।

ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥

ਰੂਹਾਨੀ ਸੂਝ ਦੁਆਰਾ ਹਉਮੈਂ ਦੀ ਅਲਾਮਤ ਦੂਰ ਹੋ ਜਾਂਦੀ ਹੈ ਅਤੇ ਵਿਅਕਤੀ ਸਿਰਫ਼ ਸੱਚ ਬੋਲਦਾ ਹੈ। (੮)

ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥

ਅਸੀਮ, ਸਰਬ-ਵਿਆਪੀ ਚੇਤਨਾ ਆਕਾਸ਼, ਪਾਤਾਲ ਅਤੇ ਤਿੰਨਾਂ ਖੰਡਾਂ ਵਿਚ ਵਿਆਪਕ ਹੈ। ਇਹ ਸੰਕਲਪ ਸਮੁਚੀ ਸ੍ਰਿਸ਼ਟੀ ਦੀ ਅੰਤਰਸੰਬਧਿਤਾ ਨੂੰ ਇਕ ਇਕਾਈ ਵਿਚ ਜੁੜੇ ਹੋਣ ਨੂੰ ਮਜ਼ਬੂਤ ਕਰਦਾ ਹੈ।

ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥

ਚੇਤਨਾ ਆਪਣੇ ਆਪ ਵਿਚ ਸ਼ਰਧਾ ਅਤੇ ਪਿਆਰ ਦਾ ਰੂਪ ਹੈ, ਅਤੇ ਇਸ ਦੁਆਰਾ ਹੀ ਮਿਲਾਪ ਅਤੇ ਏਕਤਾ ਦਾ ਗਠਨ ਹੁੰਦਾ ਹੈ।

ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥੧੩॥

ਨਾਨਕ ਕਹਿੰਦੇ ਹਨ ਕਿ ਚਿੰਤਨ ਦਾ ਅਭਿਆਸ ਕਦੇ ਨਾ ਵਿਸਰੇ ਤਾਂ ਜੋ ਕੁਦਰਤ ਦੀ ਇੱਛਾ ਅਨੁਸਾਰ ਜੀਉਣ ਨਾਲ ਸੰਤੋਖ ਪ੍ਰਾਪਤੀ ਹੋਵੇ। (੯)(੧੩)

ਤੱਤ: ਗੁਰੂ ਨਾਨਕ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਜਦੋਂ ਅਸੀਂ ਕੁਝ ਚਾਹੁੰਦੇ ਹਾਂ, ਤਾਂ ਅਸੀਂ ਆਪਣੇ ਅੰਦਰ ਖੁਸ਼ੀ ਦੀ ਸੰਭਾਵਨਾ ਸਿਰਜਤ ਕਰਦੇ ਹਾਂ, ਜੇਕਰ ਇਹ ਪ੍ਰਾਪਤ ਹੁੰਦਾ ਹੈ ਤਾਂ ਸੁਖ ਜੇ ਨਹੀਂ ਤਾਂ ਨਿਰਾਸ਼ਾ, ਇਹ ਤੱਥ ਸਪੱਸ਼ਟ ਕਰਦਾ ਹੈ ਕਿ ਸਾਡੀ ਖੁਸ਼ੀ ਅਤੇ ਦੁੱਖ ਅਕਸਰ ਸਾਡੀਆਂ ਆਪਣੀਆਂ ਇੱਛਾਵਾਂ ਤੋਂ ਪੈਦਾ ਹੁੰਦੇ ਹਨ। ਜਦੋਂ ਉਹ ਸਾਡੀ ਭਾਵਨਾਤਮਕ ਸਥਿਤੀ 'ਤੇ ਹਾਵੀ ਹੋ ਜਾਂਦੇ ਹਨ ਤਾਂ ਉਹ ਬੁਰਾਈ ਬਣ ਜਾਂਦੇ ਹਨ ਜੋ ਸਾਨੂੰ ਬੇਕਾਬੂ ਨਤੀਜਿਆਂ ਵੱਲ ਲੈ ਜਾਂਦੇ ਹਨ। ਮਨ ਦੀ ਇਹ ਅਵਸਥਾ ਉਤਸ਼ਾਹ ਅਤੇ ਡਰ ਦੇ ਇਕ ਨਿਰੰਤਰ ਚੱਕਰ ਵੱਲ ਲੈ ਜਾ ਸਕਦੀ ਹੈ, ਜੋ ਸਾਨੂੰ ਪਲ ਦੀ ਹਾਜ਼ਰਤਾ ਵਿਚ ਰਹਿਣ ਤੋਂ ਰੋਕਦੀ ਹੈ। ਇਸ ਦਾ ਹੱਲ ਆਪਣੀਆਂ ਇੱਛਾਵਾਂ ਨੂੰ ਦਬਾਉਣ ਵਿਚ ਨਹੀਂ ਬਲਕਿ ਉਨ੍ਹਾਂ ਦੀ ਪ੍ਰਕਿਰਤੀ ਦੇ ਮੁਲਾਂਕਣ ਅਤੇ ਚਿੰਤਨ ਦੇ ਅਭਿਆਸ ਵਿਚ ਨਹਿਤ ਹੈ। ਫਿਰ ਅਸੀਂ ਆਪਣੀਆਂ ਇੱਛਾਵਾਂ ਨੂੰ ਉਨ੍ਹਾਂ ਦੁਆਰਾ ਨਿਯੰਤਰਿਤ ਕੀਤੇ ਬਿਨਾਂ ਪਛਾਣ ਸਕਦੇ ਹਾਂ, ਕਿਉਂਕਿ ਹਰ ਇੱਛਾ ਨੂੰ ਸੰਤੁਸ਼ਟ ਕਰਨ ਵਿਚ ਪੂਰਤੀ ਨਹੀਂ ਮਿਲ ਸਕਦੀ। ਲਾਲਸਾਵਾਂ ਨਾਲ ਨਿਰੰਤਰ ਜੂਝਣ ਦੀ ਬਜਾਏ, ਕੁਦਰਤੀ ਕ੍ਰਮ ਦੇ ਅਨੁਸਾਰ ਜੀਉਣ ਨਾਲ, ਸਥਿਰ, ਸਵੈ-ਨਿਰਭਰ ਸੰਤੋਖ ਦੀ ਪ੍ਰਾਪਤੀ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**